**ਹਰਿਮੰਦਰ ਸਾਹਿਬ ਅੰਦਰ ਹਾਲਾਤ ਬਿਹਤਰ ਕਿਵੇਂ ਰੱਖੇ ਜਾਣ ?**

ਕਈ ਵਾਰ ਕੋਈ ਚੰਗਾ ਖਿਆਲ ਆਉਂਦਾ ਹੈ ਪਰ ਲਿਖਣ ਤੋਂ ਡਰ ਲੱਗਦਾ ਹੈ ਕਿ ਸਿੱਖਾਂ ਵਿੱਚ ਜਜ਼ਬਾਤ ਏਨੇ ਭਾਰੀ ਹੋ ਜਾਂਦੇ ਹਨ ਕਿ ਵਿਚਾਰ-ਵਟਾਂਦਰਾ ਕਰਨ ਦੀ ਵੀ ਗੁੰਜਾਇਸ਼ ਨਹੀਂ ਰਹਿੰਦੀ। ਇਤਿਹਾਸ ਗਵਾਹ ਹੈ ਕਿ ਇਸ ਕਾਰਨ ਅਸੀਂ ਆਪਣਾ ਕਈ ਵਾਰ ਨੁਕਸਾਨ ਕਰਵਾਇਆ ਹੈ, ਕਿਉਂਕਿ ਦਲੀਲ ਸੁਣਨ ਲਈ ਅਸੀਂ ਤਿਆਰ ਹੀ ਨਹੀਂ ਹੁੰਦੇ। ਸ਼ਾਂਤੀ ਨਾਲ ਸੋਚਣਾ ਤੇ ਆਪਣੇ ਵਿਚਾਰ ਤੋਂ ਉਲਟ ਗੱਲ ਸੁਣਨਾ ਇਕ ਗੁਣ ਹੈ। ਮੈਂ ਇਹ ਲੇਖ ਸਿੱਖ ਪੰਥ ਦੇ ਵਿਚਾਰ ਲਈ ਪੇਸ਼ ਕਰ ਰਿਹਾ ਹਾਂ ਮੇਰੀ ਭਾਵਨਾ ਕੇਵਲ ਸਿੱਖ ਸਿਧਾਂਤ ਨੂੰ ਮੁੱਖ ਰੱਖ ਕੇ ਹੈ।

7 ਜੂਨ ਦੇ ਅਖ਼ਬਾਰਾਂ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚ ਨੰਗੀਆਂ ਕਿਰਪਾਨਾਂ ਨਾਲ ਪ੍ਰਦਰਸ਼ਨ ਦੀਆਂ ਫੋਟੋਆਂ ਅਤੇ ਖ਼ਬਰਾਂ ਛਪੀਆਂ ਹਨ। ਅੱਜ ਦੇ ਯੁੱਗ ਵਿੱਚ ਟੀ.ਵੀ. ਤੇ ਅਖ਼ਬਾਰਾਂ ਹਰ ਇਕ ਨੂੰ ਪ੍ਰਭਾਵਿਤ ਕਰਦੇ ਹਨ। ਇਹ ਸੱਚ ਹੈ ਕਿ ਦਰਬਾਰ ਸਾਹਿਬ ਸਿੱਖ ਧਰਮ ਦਾ ਸਭ ਤੋਂ ਵੱਧ ਪ੍ਰਮਾਣਿਕ ਸਥਾਨ ਹੈ। ਅਸੀਂ ਇਸ ਨੂੰ ਸੱਚਖੰਡ ਵੀ ਆਖਦੇ ਹਾਂ। ਇਸ ਦੀ ਸਾਰੇ ਵਿਸ਼ਵ ਵਿਚ ਮਾਨਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੇ ਬੂਹੇ ਸਾਰੀ ਮਨੁੱਖਤਾ ਲਈ ਖੋਲ੍ਹੇ ਹਨ। ਸਿੱਖ ਮਤ ਇਸ ਧਰਮ ਦਾ ਇਕ ਹਿੱਸਾ ਹੈ, ਇਵੇਂ ਹੀ ਬਾਕੀ ਮਤ ਹਨ। ਇਹ ਧਰਮ ਕਿਸੇ ਇਕੱਲੇ ਦਾ ਨਹੀਂ ਹੈ। ਗੁਰਬਾਣੀ ਵਿੱਚ ਇਸ ਬਾਰੇ ਨਿਰਣੇ ਕੀਤੇ ਗਏ ਹਨ। ਗੁਰੂ ਗ੍ਰੰਥ ਸਾਹਿਬ ਨੂੰ ਵਿਸ਼ਵ ਧਰਮ ਗ੍ਰੰਥ ਦੀ ਮਾਨਤਾ ਹੈ, ਇਹ ਕੇਵਲ ਸਿੱਖਾਂ ਲਈ ਨਹੀਂ ਹੈ। ਹਰ ਮਨੁੱਖ ਨੂੰ ਇਸ ਤੋਂ ਗਿਆਨ ਮਿਲਦਾ ਹੈ। ਇਸੇ ਲਈ ਇਸ ਵਿਚ ਮੁਸਲਮਾਨ ਤੇ ਹਿੰਦੂ ਭਗਤਾਂ ਦੀ ਬਾਣੀ ਵੀ ਅੰਕਿਤ ਹੈ। ਗੁਰੂ ਅਰਜਨ ਦੇਵ ਜੀ ਨੇ ਦਰਬਾਰ ਸਾਹਿਬ ਦਾ ਨੀਂਹ ਪੱਥਰ ਮੀਆਂ ਮੀਰ ਤੋਂ ਰੱਖਵਾ ਕੇ ਇਹ ਧਰਮ ਦਾ ਮੰਦਿਰ ਸਥਾਪਿਤ ਕੀਤਾ ਸੀ ਤੇ ਇਸ ਨੂੰ ਹਰੀ ਮੰਦਿਰ ਦਾ ਨਾਂਅ ਦਿੱਤਾ ਸੀ। ਪਰਮਾਤਮਾ ਦਾ ਘਰ ਹੈ। ਅਸੀਂ ਹਰ ਰੋਜ਼ ਵੇਖਦੇ ਹਾਂ ਕਿ ਕਿੰਨੇ ਗੈਰ-ਸਿੱਖ ਮੱਥਾ ਟੇਕਣ ਆਉਂਦੇ ਹਨ। ਰਾਬਿੰਦਰ ਨਾਥ ਟੈਗੋਰ ਆਪਣੇ ਪਿਤਾ ਨਾਲ ਕਈ ਮਹੀਨੇ ਹਰ ਰੋਜ਼ ਆਉਂਦੇ ਸਨ। ਬੋਧੀ ਤਾਂ ਹੁਣ ਤੱਕ ਤਿੱਬਤ ਤੋਂ ਆ ਕੇ ਨਤਮਸਤਕ ਹੁੰਦੇ ਹਨ। ਇਹ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਵੱਡੇ ਸਰੋਵਰ ਵਿਚ ਚਮਕਦਾ ਹਰਿਮੰਦਰ ਸਾਰੀ ਮਨੁੱਖਤਾ ਦਾ ਕੇਂਦਰ ਹੈ। ਇਸ ਦੇ ਆਸ-ਪਾਸ ਪਰਕਰਮਾ, ਵਰਾਂਡੇ, ਲੰਗਰ ਹਾਲ ਆਦਿ ਗੋਲਡਨ ਟੈਂਪਲ ਕੰਪਲੈਕਸ ਅਖਵਾਉਂਦਾ ਹੈ। ਇਸ ਦੀ ਏਨੀ ਵੱਡੀ ਮਹਾਨਤਾ ਨੂੰ ਬਰਕਰਾਰ ਰੱਖਣਾ ਸਾਡਾ ਫਰਜ਼ ਹੈ। ਕਦੇ ਸੋਚੋ ਕਿ ਅੱਜ ਤੱਕ ਇਸ ਦੇ ਅੰਦਰ ਸਿਵਾਏ ਕੀਰਤਨ ਅਤੇ ਨਿੱਤਨੇਮ ਦੇ ਕੋਈ ਹੋਰ ਕਾਰਵਾਈ ਨਹੀਂ ਕੀਤੀ ਗਈ। ਅਰਦਾਸ ਪਿੱਛੋਂ ਬੋਲੇ ਸੋ ਨਿਹਾਲ ਦਾ ਜੈਕਾਰਾ ਵੀ ਨਹੀਂ ਬੋਲਿਆ ਜਾਂਦਾ। ਇਹ ਪਰੰਪਰਾ ਕਿਉਂ ਹੈ ? ਇਸ ਲਈ ਕਿ ਕਿਧਰੇ ਜਜ਼ਬਾਤੀ ਸਿੱਖ ਇਸ ਗਲਤ ਵਰਤੋਂ ਨਾ ਕਰ ਲੈਣ। ਸਾਰੀ ਦੁਨੀਆਂ ਦੇ ਲੋਕ ਇੱਥੇ ਮਨ ਦੀ ਸ਼ਾਂਤੀ ਲੈਣ ਆਉਂਦੇ ਹਨ। ਸ਼ਾਂਤੀ ਤਾਂ ਸ਼ਾਂਤਮਈ ਮਾਹੌਲ ਵਿੱਚੋਂ ਹੀ ਮਿਲ ਸਕਦੀ ਹੈ। ਨੰਗੀਆਂ ਤਲਵਾਰਾਂ ਨਾਲ ਨਾਅਰੇ ਲਗਾ ਕੇ ਇਸ ਧਾਰਮਿਕ ਸਥਾਨ ਅੰਦਰ ਅਸੀਂ ਪ੍ਰਦੂਸ਼ਣ ਕਿਉਂ ਫੈਲਾਅ ਰਹੇ ? ਇਹ ਕੰਮ ਬਾਹਰ ਜਾ ਕੇ ਨਹੀਂ ਕੀਤਾ ਜਾ ਸਕਦਾ ? ਇਹ ਵਿਖਾਵਾ ਕਰ ਕੇ ਕਿਸ ਨੂੰ ਦਿਖਾ ਰਹੇ ਹੋ ? ਗੁਰੂ ਸਾਹਿਬ ਨੂੰ ਜਾਂ ਆਮ ਜਨਤਾ ਨੂੰ ? ਅੰਮ੍ਰਿਤਸਰ ਵਿਚ ਕੋਈ ਵੀ ਸਿਆਸੀ ਜਲੂਸ ਜਾਂ ਜਲਸਾ ਕਰ ਸਕਦਾ ਹੈ। ਫਿਰ ਅਸੀਂ ਦਰਬਾਰ ਸਾਹਿਬ ਨੂੰ ਜੰਤਰ ਮੰਤਰ ਦਿੱਲੀ ਵਾਂਗ ਕਿਉਂ ਬਣਾਉਣਾ ਚਾਹੁੰਦਾ ਹਾਂ ? ਪਿਛਲੇ ਸਾਲ 6 ਜੂਨ ਨੂੰ ਇੱਥੇ ਮਾਰ-ਕੁੱਟ ਹੋਈ, ਪਗੜੀਆਂ ਉਤਰ ਗਈਆਂ, ਸਾਰੇ ਪਾਸੇ ਇਹ ਫੋਟੋਆਂ ਸਿੱਖਾਂ ਦੀ 'ਉਸਤਤ' ਕਰ ਰਹੀਆਂ ਸਨ। 1984 ਦੇ ਦਿਨਾਂ ਵਿਚ ਟੀ.ਵੀ. ਤੇ ਅਖ਼ਬਾਰਾਂ ਨੇ ਇਹੋ ਜਿਹੀਆਂ ਕਾਰਵਾਈਆਂ ਦੀਆਂ ਫੋਟੋਆਂ ਛਾਪ ਕੇ ਜਨਤਾ ਨੂੰ ਸਿੱਖਾਂ ਦੇ ਵਿਰੁੱਧ ਭੜਕਾਇਆ ਸੀ। ਅਸੀਂ ਕਦੇ ਸੋਚਦੇ ਨਹੀਂ ਕਿ ਸਿੱਖ ਸਾਰੇ ਵਿਸ਼ਵ ਵਿਚ ਰਹਿੰਦੇ ਹਨ, ਹਰ ਕੋਈ ਸਾਡੀ ਕਾਰਵਾਈ ਵੇਖਦਾ ਹੈ ਤੇ ਉਸ ਦੇ ਆਧਾਰ 'ਤੇ ਸਾਡੇ ਬਾਰੇ ਰਾਇ ਬਣਾਉਂਦਾ ਹੈ। ਇਕ ਸਚਾਈ ਨਾ ਭੁੱਲੋ ਕਿ ਭਾਰਤ ਸਰਕਾਰ ਨੇ ਆਮ ਰਾਇ ਸਾਡੇ ਵਿਰੁੱਧ ਇਹੋ ਜਿਹੇ ਪ੍ਰਦਰਸ਼ਨਾਂ ਨੂੰ ਵਿਖਾ ਕੇ ਬਣਾਈ ਸੀ।

ਮੈਂ ਇਕ ਬੇਨਤੀ ਜਥੇਦਾਰ ਅਕਾਲ ਤਖ਼ਤ ਜੀ ਨੂੰ ਵੀ ਕਰਨੀ ਚਾਹੁੰਦਾ ਹਾਂ। ਦਰਬਾਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਸਾਹਮਣੇ ਖੁੱਲ੍ਹਾ ਥਾਂ ਅੱਜਕੱਲ੍ਹ ਯਾਤਰੂਆਂ ਨਾਲ ਭਰਿਆ ਰਹਿੰਦਾ ਹੈ। ਲੱਖਾਂ ਸ਼ਰਧਾਲੂ ਆ ਰਹੇ ਹਨ। ਵੱਡੀਆਂ ਲਾਈਨਾਂ ਲੱਗਦੀਆਂ ਹਨ। ਅਕਾਲ ਤਖ਼ਤ ਦਾ ਜੋ ਪ੍ਰੋਗਰਾਮ ਹੁੰਦਾ ਹੈ, ਉਹ ਇਸ ਥਾਂ 'ਤੇ ਕੀਤਾ ਜਾਂਦਾ ਹੈ। ਕਈ ਵਾਰ ਇਸ ਇਕੱਠ ਕਾਰਨ ਵਿਵਾਦ ਵੀ ਹੁੰਦੇ ਹਨ। ਝਗੜੇ ਵੀ ਇੱਕੇ ਹੁੰਦੇ ਹਨ। ਉਨ੍ਹਾਂ ਝਗੜਿਆਂ ਦੀ ਖ਼ਬਰ ਜਦ ਛਪਦੀ ਹੈ ਤਾਂ ਇਸ ਨੂੰ ਗੋਲਡਨ ਟੈਂਪਲ ਦਾ ਵਾਕਿਆ ਹੀ ਕਿਹਾ ਜਾਂਦਾ ਹੈ। ਹਰ ਪਾਸੇ ਜੋ ਚਰਚਾ ਹੁੰਦੀ ਹੈ, ਉਹ ਇਸ ਉਨੂੰਚ ਧਾਰਮਿਕ ਮੰਦਰ ਦੀ ਹੀ ਹੁੰਦੀ ਹੈ। ਸਿੰਘ ਸਾਹਿਬ ਨੂੰ ਇਸ ਬਾਰੇ ਕੋਈ ਉਪਾਅ ਸੋਚਣ ਦੀ ਲੋੜ ਹੈ। ਕੀ ਕਿਸੇ ਹਾਲ ਅੰਦਰ ਇਕੱਠ ਨਹੀਂ ਹੋ ਸਕਦਾ ? 1986 ਵਿਚ ਗਲਿਆਰੇ ਦੇ ਬਣਨ ਨਾਲ ਅਕਾਲ ਤਖ਼ਤ ਸਾਹਿਬ ਦੇ ਆਸ-ਪਾਸ ਵੱਡੀ ਥਾਂ ਮਿਲ ਗਈ ਸੀ। ਕਿੰਨੀ ਵੱਡੀ ਇਕ ਪਾਸੇ ਖੁੱਲ੍ਹੀ ਥਾਂ ਤੁਹਾਡੇ ਕੋਲ ਸੀ-ਉੱਥੇ ਅਖੰਡ ਪਾਠ ਕਰਨ ਦੇ ਸੈਂਕੜੇ ਕਮਰੇ ਬਣਾ ਦਿੱਤੇ ਗਏ ਹਨ। ਕਦੀ ਨਹੀਂ ਸੋਚਿਆ ਕਿ ਖੁੱਲ੍ਹੇ ਥਾਂ ਦੀ ਅਗਲੇ ਸੈਂਕੜੇ ਸਾਲ ਲੋੜ ਪਵੇਗੀ, ਈਸਾਈ ਮਤ ਦੇ ਵੈਂਟੀਕਨ (ਰੋਮ) ਵਿਚ ਜਾ ਕੇ ਵੇਖੋ ਕਿੰਨਾ ਖੁੱਲ੍ਹਾ ਮੈਦਾਨ ਹੁਣ ਵੀ ਕਾਇਮ ਹੈ। ਮੱਕੇ ਦੀ ਫੋਟੋ ਰੋਜ਼ ਆਉਂਦੀ ਹੈ। ਜਾਮਾ ਮਸਜਿਦ ਦਿੱਲੀ ਦੀ ਥਾਂ 'ਤੇ ਲੱਖ ਮੁਸਲਮਾਨ ਨਮਾਜ਼ ਪੜ੍ਹਦਾ ਹੈ। ਅਸੀਂ ਵਕਤ ਦੀ ਪਛਾਣ ਨਾ ਕਰ ਸਕੇ। ਪਰ ਜੋ ਮੈਂ ਇਸ ਲੇਖ ਵਿਚ ਬੇਨਤੀ ਕਰ ਰਿਹਾ ਹਾਂ ਕਿ ਕੀ ਜਥੇਦਾਰ ਅਕਾਲ ਤਖ਼ਤ ਤੇ ਹੈੱਡ ਗ੍ਰੰਥੀ ਦਰਬਾਰ ਸਾਹਿਬ ਕੋਈ ਵਿਚਾਰ ਕਰਕੇ ਇਸ ਵਿਸ਼ਵ ਦੇ ਧਾਰਮਿਕ ਮੰਦਿਰ ਦੀ ਮਹਾਨਤਾ ਬਾਰੇ ਕੋਈ ਜ਼ਬਤਾ ਨਹੀਂ ਬਣਾ ਸਕਦੇ ? ਸਿੱਖ ਕਿਰਪਾਨ ਰੱਖ ਸਕਦਾ ਹੈ, ਪਰ ਨੰਗੀ ਕਰ ਕੇ ਇਸ ਨੂੰ ਹਵਾ ਵਿਚ ਲਹਿਰਾ ਕੇ ਅਸੀਂ ਸਿੱਖੀ ਦੀ ਕਿਹੜੀ ਸੇਵਾ ਕਰ ਰਹੇ ਹਾਂ ? ਕਿਰਪਾਨ ਨੂੰ ਤਲਵਾਰ ਸਮਝ ਕੇ ਅਸੀਂ ਇਸ ਨੂੰ ਆਪਣੀ ਸਿਆਸੀ ਲੜਾਈ ਦਾ ਹਥਿਆਰ ਬਣਾ ਲੈਂਦੇ ਹਾਂ।

ਪਰਕਰਮਾ ਵਿਚ ਸਿਵਾਏ ਕੀਰਤਨ ਜਾਂ ਸ਼ਬਦ ਦੇ ਹੋਰ ਹਰ ਸਰਗਰਮੀ 'ਤੇ ਪਾਬੰਦੀ ਲਗਾਈ ਜਾਵੇ। ਮੁਗਲਾਂ ਸਮੇਂ ਅਸੀਂ ਹੋਰ ਪੁਜ਼ੀਸ਼ਨ ਵਿਚ ਸਾਂ, ਅੱਜ ਸਾਰੇ ਸ਼ਹਿਰ ਵਿਚ ਜੋ ਚਾਹੋ ਕਰ ਸਕਦੇ ਹੋ। ਗੁਰੂ ਦੇ ਘਰ ਨੂੰ ਸਿਆਸੀ ਅਖਾੜਾ ਨਾ ਬਣਨ ਦੇਵੋ। ਬੜਾ ਸਾਧਾਰਨ ਸਵਾਲ ਹੈ, ਪਰ ਇਸ ਸਬੰਧੀ ਕਾਰਵਾਈ ਕਰਨ ਦਾ ਹੱਕ ਕੇਵਲ ਧਾਰਮਿਕ ਆਗੂਆਂ ਨੂੰ ਹੈ। ਆਪਣੀ ਸ਼ਕਤੀ ਨੂੰ ਗੁਰੂ ਘਰ ਦੀ ਸਵੱਛਤਾ ਲਈ ਵਰਤਣ ਵਿਚ ਦੇਰ ਨਾ ਕਰੋ। ਲੋੜ ਪੈਣ 'ਤੇ ਇਤਿਹਾਸਕ ਫੈਸਲੇ ਜਥੇਦਾਰ ਸਾਹਿਬ ਲੈਂਦੇ ਰਹੇ ਹਨ। ਇਹ ਪਹਿਲ ਕਿਸੇ ਗਰੁੱਪ, ਪਾਰਟੀ ਜਾਂ ਵਿਅਕਤੀ ਵਿਰੁੱਧ ਨਹੀਂ ਹੈ, ਕੇਵਲ ਧਰਮ ਦੇ ਭਲੇ ਲਈ ਹੈ।


ਤਰਲੋਚਨ ਸਿੰਘ

ਸਾਬਕਾ.ਐੱਮ.ਪੀ.ਸਾਬਕਾ ਚੇਅਰਮੈਨ ਘੱਟ-ਗਿਣਤੀ ਕਮਿਸ਼ਨ.

**tarlochan@tarlochansingh.com**